*Journal of Punjabi Insights (JPI)* *Vol. 1 Issue IV and V* *(Oct. to March 2026)*
*Website: www. punjabiinsights.in ISSN: 31074286 (online)* **Pages 1-5**

# ਰਮੇਸ਼ ਕੁਮਾਰ ਰਚਿਤ ਬੇਤੁੱਕ ਬੇਲਗਾਮ : ਸਮਾਜਿਕ ਤੇ ਮਨੋਵਿਗਿਆਨਕ ਸਰੋਕਾਰਾਂ ਦਾ ਵਿਸ਼ਲੇਸ਼ਣ

**ਰਾਣੀ ਦੇਵੀ**
ਖੋਜਾਰਥਣ, ਪੰਜਾਬੀ ਵਿਭਾਗ
ਕੁਰੂਕਸ਼ੇਤਰ ਯੂਨੀਵਰਸਿਟੀ, ਕੁਰੂਕਸ਼ੇਤਰ
Email-id: ranikamboj86955@gmail.com

**ਅਬਸਟ੍ਰੈਕਟ :-** ਰਮੇਸ਼ ਕੁਮਾਰ ਦਾ ਕਾਵਿ-ਸੰਗ੍ਰਹਿ ਬੇਤੁੱਕ ਬੇਲਗਾਮ ਸਮਕਾਲੀ ਪੰਜਾਬੀ ਕਵਿਤਾ ਵਿੱਚ ਪੇਸ਼ ਹੋਏ ਮਾਨਵਵਾਦੀ ਭਵਿੱਖਮੁਖੀ ਦ੍ਰਿਸ਼ਟੀਕੋਣ ਦੀ ਰਚਨਾਤਮਕ ਅਤੇ ਵਿਚਾਰਧਾਰਕ ਪੁਣ-ਛਾਣ ਕਰਦਾ ਹੈ। ਇਹ ਵਰਤਮਾਨ ਸਮਾਜਿਕ-ਆਰਥਿਕ ਪ੍ਰਣਾਲੀ ਦੇ ਵਿਕੇਂਦਰੀਕਰਨ ਦੇ ਸੰਦਰਭ ਵਿੱਚ ਪੱਛਮੀਕਰਨ ਅਤੇ ਖਪਤਵਾਦ ਦੁਆਰਾ ਮਨੁੱਖ ਦੇ ਬੇਲਗਾਮ ਅਸਤਿਤਵ ਦੇ ਪਤਨ ਦੀ ਬਾਤ ਪਾਉਂਦਾ ਹੈ। ਬੇਤੁੱਕ ਬੇਲਗਾਮ ਉਸ ਦੇ ਕਾਵਿ-ਸਫ਼ਰ ਦਾ ਇੱਕ ਮਹੱਤਵਪੂਰਨ ਪੜਾਅ ਦਰਸਾਉਂਦਾ ਹੈ, ਜਿੱਥੇ ਉਸਦੀ ਦ੍ਰਿਸ਼ਟੀ ਵਧੇਰੇ ਸੂਖਮ ਹੋ ਜਾਂਦੀ ਹੈ। ਇਹ ਮੁੱਖ ਤੌਰ ਤੇ ਰਿਸ਼ਤਿਆਂ ਵਿੱਚ ਨਿਘਾਰ, ਅੰਨ੍ਹਾ-ਭੌਤਿਕਵਾਦ, ਰਾਜਨੀਤਿਕ ਬੇਭਰੋਸਗੀ ਅਤੇ ਆਧੁਨਿਕ ਜੀਵਨ ਦੀ ਅਰਥਹੀਣ ਭੱਜ-ਦੌੜ ਨੂੰ ਦਰਸਾਉਂਦਾ ਹੈ। ਮਨੁੱਖ ਤਕਨੀਕੀ ਵਿਕਾਸ ਦੇ ਬਾਵਜੂਦ ਇੱਕ ਬੇਲਗਾਮ ਘੋੜੇ ਵਾਂਗ ਭਟਕਦਾ ਨਜ਼ਰ ਆਉਂਦਾ ਹੈ, ਜਿਸ ਉਤੇ ਨਾ ਤਾਂ ਸਮਾਜਿਕ ਨਿਯਮਾਂ ਦਾ ਕੰਟਰੋਲ ਹੈ ਅਤੇ ਨਾ ਹੀ ਨੈਤਿਕ ਕਦਰਾਂ-ਕੀਮਤਾਂ ਦਾ। ਕਵੀ ਦੀ ਨਜ਼ਰ ਸਮਾਜ ਦੇ ਕਾਰਪੋਰੇਟਿਕਰਨ ਅਤੇ ਮਨੁੱਖੀ ਕਿਰਤ ਦੇ ਮੰਡੀਕਰਨ ਤੇ ਤਿੱਖਾ ਪ੍ਰਹਾਰ ਕਰਦੀ ਹੈ। ਬੇਤੁੱਕ ਬੇਲਗਾਮ ਨੂੰ ਗਹਰਾਈ ਨਾਲ ਵਾਚਦੇ ਹੋਏ ਇਹ ਸਪੱਸ਼ਟ ਕਰਨ ਦੀ ਕੋਸ਼ਿਸ਼ ਕੀਤੀ ਹੈ ਕਿ ਅਸਲ ਕਵਿਤਾ ਸਿਰਫ਼ ਸ਼ਬਦਾਂ ਦੀ ਖੇਡ ਨਹੀਂ, ਬਲਕਿ ਇੱਕ ਡੂੰਘੀ ਵਿਚਾਰਧਾਰਕ ਨਜ਼ਰ ਨਾਲ ਭਵਿੱਖ ਨੂੰ ਉਜਾਗਰ ਕਰਨ ਵਾਲੀ ਤਾਕਤ ਹੈ। ਇਸਦੇ ਨਾਲ ਹੀ ਅਸੀਂ ਇਹ ਸਪਸ਼ਟ ਕਰਨ ਦੀ ਕੋਸ਼ਿਸ਼ ਕੀਤੀ ਹੈ ਕਿ ਵਿਅੰਗ ਸਿਰਫ਼ ਹਾਸੇ ਦਾ ਹਥਿਆਰ ਨਹੀਂ, ਸਗੋਂ ਸਮਾਜ ਦੇ ਖੋਖਲੇਪਨ ਨੂੰ ਚੀਰ ਕੇ ਭਵਿੱਖੀ ਰਾਹ ਵਿਖਾਉਣ ਦਾ ਉਪਰਾਲਾ ਹੈ।

**ਮੁੱਖ ਸ਼ਬਦ :-** ਬੇਤੁੱਕ ਬੇਲਗਾਮ, ਰਾਜਨੀਤਿਕ ਬੇਭਰੋਸਗੀ, ਅਸਤਿਤਵ, ਖਪਤਵਾਦ,

## 1.0 **ਪ੍ਰਸਤਾਵਨਾ**

ਇੱਕ ਸ਼ਾਇਰ ਵਜੋਂ ਰਮੇਸ਼ ਕੁਮਾਰ ਸਮਕਾਲੀ ਪੰਜਾਬੀ ਕਵਿਤਾ ਦੇ ਅਕਾਦਮਿਕ ਦਾਇਰਿਆਂ ਵਿੱਚ ਚਰਚਿਤ ਨਾਮ ਹੈ। ਉਹ ਆਪਣੇ ਵਿਲੱਖਣ ਕਾਵਿ-ਗੁਣਾ ਅਤੇ ਬਹੁਪੱਖੀ ਸਾਹਿਤਕ ਰੁਚੀਆਂ ਸਦਕਾ ਸਾਹਿਤ ਜਗਤ ਵਿੱਚ ਆਪਣੀ ਇੱਕ ਨਿਵੇਕਲੀ ਪਛਾਣ ਸਥਾਪਿਤ ਕਰਦਾ ਹੈ। ਸਮੇਂ ਦੇ ਨਾਲ ਉਸਦੀ ਕਾਵਿ ਰਚਨਾ ਪ੍ਰਤਿ ਲਗਨ ਅਤੇ ਰੁਚੀ ਵਿੱਚ ਵਾਧਾ ਹੋਇਆ ਜਿਸ ਦੇ ਸਿੱਟੇ ਵਜੋਂ ਉਸ ਦੀ ਕਵਿਤਾ ਵਿੱਚ ਨਿਖਾਰ ਅਤੇ ਪਰਿਪੱਕਤਾ ਪ੍ਰਤੱਖ ਰੂਪ ਵਿੱਚ ਵੇਖਣ ਨੂੰ ਮਿਲਦੀ ਹੈ। ਜਦੋਂ ਅਸੀਂ ਉਸਦੀ ਰਚਨਾ ਪ੍ਰਕਿਰਿਆ ਦਾ ਗਹਿਨ ਅਧਿਐਨ ਕਰਦੇ ਹਾਂ ਤਾਂ ਉਸ ਸਮੇਂ ਡਾ. ਅਮਰਜੀਤ ਸਿੰਘ ਕਾਂਗ ਦੇ ਇਹ ਵਿਚਾਰ ਧਿਆਨ ਦੀ ਮੰਗ ਕਰਦੇ ਹਨ ਕਿ “ਰਮੇਸ਼ ਕੁਮਾਰ ਉਨ੍ਹਾਂ ਵਿਰਲਿਆਂ ਵਿੱਚੋਂ ਹੈ ਜੋ ਨਾ ਤਾਂ ਆਪਣੀ ਵਿਅਕਤੀਗਤ ਜ਼ਿੰਦਗੀ ਵਿੱਚ ਖਾਮੋਸ਼ ਰਹਿੰਦੇ ਹਨ ਅਤੇ ਨਾ ਹੀ ਕਿਸੇ ਡਰ ਭਉ ਕਾਰਨ ਰਚਨਾਤਮਕ ਚੁੱਪ ਸਾਧਦੇ ਹਨ। ਉਹ ਤਾਂ ਸਚਮੁੱਚ ਜਿਉਂਦੇ ਬੋਲਾ ਵਾਲਾ ਸ਼ਾਇਰ ਹੈ ਅਤੇ ਇਸ ਸਾਇਰੀ ਦਾ ਪ੍ਰਮਾਣ ਉਸ ਦੀ ਆਪਣੀ ਰਚਨਾ ਖੁਦ ਬ-ਖੁਦ ਹੈ।”1 ਸ਼ੁਰੂਆਤੀ ਦੌਰ ਵਿੱਚ ਭਾਵੇਂ ਉਸਦੀ ਪਛਾਣ ਮੁੱਖ ਤੌਰ ‘ਤੇ ਪ੍ਰਗਤੀਵਾਦੀ ਕਾਵਿਧਾਰਾ ਦੇ ਕਵੀ ਵਜੋਂ ਹੋਈ। ਪਰ ਉਸ ਦੀ ਕਾਵਿ ਯਾਤਰਾ ਦਾ ਵਿਸ਼ਾ-ਵਸਤੂ ਇਸ ਸੀਮਾ ਤੋਂ ਪਰੇ ਵਿਚਰਦਾ ਨਜ਼ਰ ਆਉਂਦਾ ਹੈ ਜਿਸ ਵਿੱਚ ਸਮੇਂ ਅਤੇ ਸਥਿਤੀਆ ਦੇ ਵਿਭਿੰਨ ਪਹਿਲੂਆ ਨੂੰ ਆਪਣੀ ਕਲਾਤਮਕ ਪਕੜ ਵਿੱਚ ਲਿਆ ਗਿਆ। ਰਮੇਸ਼ ਕੁਮਾਰ ਆਪਣੇ ਕਾਵਿ ਸਫ਼ਰ ਦੀ ਸ਼ੁਰੂਆਤ 1976 ਵਿੱਚ ‘ਬੋਣੀਆਂ ਕਿਰਨਾਂ ਔਰ ਉਦਾਸ ਗੁਲਮੋਹਰ’ ਕਾਵਿ-ਸੰਗ੍ਰਹਿ ਰਾਹੀਂ ਕਰਦਾ ਹੈ। ਹੁਣ ਤੱਕ ਉਹ 10 ਕਾਵਿ-ਸੰਗ੍ਰਹਿ ਪੰਜਾਬੀ ਸਾਹਿਤ ਦੀ ਝੋਲੀ ਵਿੱਚ ਪਾ ਚੁੱਕਾ ਹੈ।

ਸਾਡਾ ਹੱਥਲਾ ਖੋਜ ਪੱਤਰ ਬੇਤੁੱਕ ਬੇਲਗਾਮ ਕਾਵਿ-ਸੰਗ੍ਰਹਿ ਵਿੱਚ ਪੇਸ ਹੁੰਦੇ ਸਮਾਜਿਕ ਤੇ ਮਨੋਵਿਗਿਆਨ ਸਰੋਕਾਰਾਂ ਨਾਲ ਸੰਬੰਧਿਤ ਹੈ। ਕਵੀ ਉਸ ਯਥਾਰਥ ਨੂੰ ਆਪਣੀ ਰਚਨਾ ਦਾ ਪ੍ਰਮੁੱਖ ਵਿਸ਼ਾ ਬਣਾਉਂਦਾ ਹੈ ਜਿਸ ਕਰਕੇ ਮਨੁੱਖ ਨੇ ਆਧੁਨਿਕਤਾ ਅਤੇ ਪੂੰਜੀਵਾਦੀ ਪ੍ਰਸਥਿਤੀਆਂ ਕਰਕੇ

ਆਪਣੇ ਆਪ ਨੂੰ ਬੇਤੁੱਕਾ ਅਤੇ ਬੇਲਗਾਮ ਬਣਾ ਲਿਆ ਹੈ। ਰਮੇਸ਼ ਕੁਮਾਰ ਦਾ ਕਾਵਿ ਸੰਗ੍ਰਹਿ ਮੁੱਖ ਤੌਰ 'ਤੇ ਰਿਸ਼ਤਿਆ ਵਿੱਚ ਆਏ ਨਿਘਾਰ, ਅੰਨੇ ਭੌਤਿਕਵਾਦ, ਰਾਜਨੀਤਿਕ ਬੇ-ਭਰੋਸਗੀ ਅਤੇ ਆਧੁਨਿਕ ਜੀਵਨ ਦੀ ਅਰਥਹੀਣ ਭੱਜ-ਦੋੜ ਨੂੰ ਦਰਸਾਉਂਦਾ ਹੈ। ਮਨੁੱਖ ਤਕਨੀਕੀ ਵਿਕਾਸ ਦੇ ਬਾਵਜੂਦ ਇੱਕ ਬੇਲਗਾਮ ਘੋੜੇ ਵਾਂਗ ਭਟਕਦਾ ਨਜ਼ਰ ਆਉਂਦਾ ਹੈ ਜਿਸ 'ਤੇ ਨਾ ਤਾਂ ਸਮਾਜਿਕ ਨਿਯਮਾਂ ਦਾ ਕੰਟਰੋਲ ਹੈ ਅਤੇ ਨਾ ਹੀ ਨੈਤਿਕ ਕਦਰਾਂ ਕੀਮਤਾਂ ਦਾ। ਕਵੀ ਦੀ ਨਜ਼ਰ ਸਮਾਜ ਦੇ ਬਜਾਰੀਕਰਨ ਅਤੇ ਮਨੁੱਖੀ ਕਿਰਤ ਦੇ ਮੰਡੀਕਰਨ 'ਤੇ ਤਿੱਖਾ ਵਿਅੰਗ ਕਰਦੀ ਹੈ। ਉਹ ਕਾਵਿ ਬਿੰਬਾਂ ਰਾਹੀਂ ਅਜਿਹੇ ਦ੍ਰਿਸ਼ ਸਿਰਜਦਾ ਹੈ ਜਿੱਥੇ ਮਾਨਵੀ ਸੰਵੇਦਨਾਵਾਂ ਮਸ਼ੀਨੀਕਰਨ ਦੀ ਭੇਂਟ ਚੜ੍ਹ ਜਾਂਦੀਆਂ ਹਨ। ਇਸ ਸੰਗ੍ਰਹਿ ਦੀਆਂ ਕਈ ਕਵਿਤਾਵਾਂ ਸਿੱਧੇ ਤੌਰ 'ਤੇ ਸਮਕਾਲੀ ਰਾਜਨੀਤਿਕ ਢਾਂਚੇ ਦੀ ਖੋਖਲੀ ਨੀਂਹ ਉੱਤੇ ਸਵਾਲ ਖੜੇ ਕਰਦੀਆਂ ਹਨ ਜਿਸ ਕਾਰਨ ਆਮ ਵਿਅਕਤੀ ਦਾ ਭਵਿੱਖ ਹਨੇਰੇ ਵਿੱਚ ਜਾਂਦਾ ਜਾਪਦਾ ਹੈ।

ਰਮੇਸ਼ ਕੁਮਾਰ ਆਪਣੀ ਕਾਵਿ ਸਿਰਜਣਾ ਵਿੱਚ ਪੂਰਵ ਪ੍ਰਾਪਤ ਮਾਨਵੀ ਮੁੱਲਾਂ ਨੂੰ ਆਧੁਨਿਕ ਜੀਵਨ ਸ਼ੈਲੀ ਲਈ ਇੱਕ ਵਿਧੀ ਵਜੋਂ ਵਰਤਦਾ ਹੈ। ਇਸ ਸੰਗ੍ਰਹਿ ਦੀਆਂ ਕੁਝ ਕਵਿਤਾਵਾਂ ਜਿਵੇਂ ਕਿ ਬੇਤੁੱਕ ਬੇਲਗ਼ਾਮ ਅਤੇ ਸਾਨੂੰ ਕਦ ਪਤਾ ਸੀ ਵਿਚ ਸਿਆਸੀ ਲੀਡਰਸ਼ਿਪ ਅਤੇ ਸਿਆਸੀ ਸਰੋਕਾਰਾਂ ਨੂੰ ਵਿਅੰਗਮਈ ਦ੍ਰਿਸ਼ਟੀ ਨਾਲ ਪੇਸ਼ ਕਰਦੀਆਂ ਹਨ । ਪਸ਼ੂ ਅਤੇ ਮਨੁੱਖ ਦੀਆਂ ਵੱਖੋ ਵੱਖਰੀਆਂ ਬਿਰਤੀਆਂ ਦੀ ਤੁਲਨਾ ਕਵੀ ਬਹੁਤ ਹੀ ਸੁਭਾਵਿਕ ਢੰਗ ਨਾਲ ਕਰਦਾ ਹੈ। ਉਦਾਹਰਣ ਵਜੋਂ ਰਮੇਸ਼ ਕੁਮਾਰ ਦੇ ਕਾਵਿ-ਸੰਗ੍ਰਹਿ ਦੀਆਂ ਸਤਰਾਂ ਵਿਚਾਰੀਆਂ ਜਾ ਸਕਦੀਆਂ ਹਨ:-
ਘੋੜੇ

ਕੁਰੂਕਸ਼ੇਤਰ ਦੇ ਮੈਦਾਨ ਵਿੱਚ ਹਿਨਕਦੇ ਹੋਣ
ਚਾਂਦਨੀ ਚੌਂਕ ਵਿੱਚ
ਜਾਂ ਫਿਰ
ਪਾਰਲੀਮੈਂਟ ਹਾਊਸ
ਘੋੜੇ ਤਾਂ ਘੋੜੇ ਹੀ ਹੁੰਦੇ ਹਨ।2

ਵਿਅੰਗ ਦੇ ਇਸ ਵਿਲਖੱਣ ਅੰਦਾਜ਼ ਨਾਲ ਰਮੇਸ਼ ਕੁਮਾਰ ਮਨੁੱਖੀ ਜ਼ਿੰਦਗੀ ਦੀਆ ਵੱਖ-ਵੱਖ ਪਰਤਾਂ ਨੂੰ ਖੋਲਦਾ ਹੋਇਆ ਕਿਸੇ ਅਣਜਾਣ ਸੱਚ ਨੂੰ ਪਛਾਨਣ ਦੀ ਕੋਸ਼ਿਸ਼ ਕਰਦਾ ਨਜ਼ਰ ਆਉਂਦਾ ਹੈ। ਰਮੇਸ਼ ਕੁਮਾਰ ਦੀ ਕਵਿਤਾ ਵਿਚਾਰਧਾਰਕ ਪੱਧਰ 'ਤੇ ਰਾਜਸੀ ਆਗੂਆਂ ਦੇ ਕਿਰਦਾਰ ਦੀ ਨਿਸ਼ਾਨਦੇਹੀ ਕਰਦੀ ਪ੍ਰਤੀਤ ਹੁੰਦੀ ਹੈ। ਉਸਦੀ ਕਵਿਤਾ ਸਮਕਾਲੀ ਦੌਰ ਵਿੱਚ ਪ੍ਰਚਲਤ ਰਾਜਨੀਤਿਕ ਛੱਲ-ਕਪਟ ਅਤੇ ਧੋਖੇਬਾਜੀ ਦਾ ਨਾਰਾ ਮਾਰਦੀ ਹੈ। ਸਿਆਸੀ ਨੇਤਾ ਸਧਾਰਨ ਜਨਤਾ ਨੂੰ ਵੱਡੇ-ਵੱਡੇ ਸੁਪਨੇ ਵਿਖਾ ਕੇ ਉਨ੍ਹਾਂ ਦੀ ਸੋਚਣ ਸ਼ਕਤੀ 'ਤੇ ਅਸਰ ਪਾਉਂਦੇ ਹਨ। ਉਨ੍ਹਾਂ ਦੀਆਂ ਝੂਠੀਆਂ ਗੱਲਾ ਵਿੱਚ ਆ ਕੇ ਅੱਜ ਦਾ ਮਨੁੱਖ ਅਰਥਹੀਣ ਅਤੇ ਬੇਤੁੱਕ ਹੋ ਜਾਂਦਾ ਹੈ। ਉਹ ਅਜਿਹੇ ਬੇਲਗਾਮ ਵਿਚਾਰ ਪ੍ਰਗਟ ਕਰਦਾ ਹੈ ਜਿਨ੍ਹਾਂ ਨੂੰ ਵੱਸ ਵਿੱਚ ਕਰਨਾ ਮੁਸ਼ਕਿਲ ਹੈ। ਦਰਅਸਲ, ਮਨੁੱਖ ਆਪ ਹੀ ਇਨ੍ਹਾਂ ਲੀਡਰਾਂ ਦੀ ਚੋਣ ਕਰਕੇ ਇੱਕ ਤਰ੍ਹਾਂ ਨਾਲ ਖੁਦ ਨੂੰ ਫ਼ਰੇਬ ਦੇ ਜਾਲ ਵਿੱਚ ਉਲਝਾ ਲੈਂਦਾ ਹੈ। ਕਵੀ ਇਨ੍ਹਾਂ ਨੇਤਾਵਾਂ ਦੇ ਸਿਆਸੀ ਵਾਅਦਿਆਂ ਦੀ ਖੋਖਲੀ ਨੀਂਹ 'ਤੇ ਵਿਅੰਗ ਕਰਦਾ ਹੋਇਆ ਕਹਿੰਦਾ ਹੈ ਕਿ-
ਅਸੀਂ

ਤਾਰੇ ਬੀਜਿਆਂ ਕਰਾਂਗੇ
ਸੂਰਜਾਂ ਦੀ ਫਸਲ ਹੋਵੇਗੀ
ਫਿਰ ਅਸੀਂ
ਵਿਦੇਸ਼ੀ ਸੂਰਜ ਵੇਚਣ ਜਾਇਆ ਕਰਾਂਗੇ
ਧਰਤੀਆਂ
ਸਾਡੇ ਪਿੱਛੇ-ਪਿੱਛੇ ਫਿਰਨਗੀਆਂ
ਤੁਸੀਂ
ਬਿਲਕੁਲ ਫਿਕਰ ਨਾ ਕਰੋ।3

ਉਸਦੀ ਕਵਿਤਾ ਵਿੱਚ ਅਜਿਹੀ ਸੁਹਜ ਹੈ ਜਿਸ ਰਾਹੀਂ ਉਹ ਧਰਤੀ ਅਤੇ ਆਕਾਸ਼ ਨਾਲ ਜੁੜੀ ਸਮੁੱਚੀ ਹੋਂਦ ਦੇ ਪ੍ਰਕਾਸ਼ ਨੂੰ ਕੇਂਦਰ ਵਿੱਚ ਲੈ ਕੇ ਆਉਂਦਾ ਹੈ। ਜਿਸ ਨਾਲ ਸੱਚ ਨੂੰ ਪਛਾਣਿਆ ਜਾ ਸਕੇ ਇਸ ਸੁੰਦਰਤਾ ਵਿੱਚ ਧਰਤੀ, ਆਕਾਸ ਮਨੁੱਖੀ ਅਸਤਿੱਤਵ ਨੂੰ ਸਮਝਣ ਲਈ ਇੱਕ ਦ੍ਰਿਸ਼ ਬਣਦੇ ਹਨ। ਮਨੁੱਖ ਲਈ ਸਦਾ ਤੋਂ ਹੀ ਇਹ ਚੁਣੌਤੀ ਰਹੀ ਹੈ ਕਿ ਉਹ ਕੁਦਰਤੀ ਸੱਚ ਵਿੱਚੋਂ ਆਪਣੀ ਹੋਂਦ ਨੂੰ ਕਿਸ ਤਰ੍ਹਾਂ ਵੇਖਦਾ ਹੈ। ਆਕਾਸ਼ ਦੀ ਅਸੀਮਤਾ ਅਤੇ ਧਰਤੀ ਦੀ ਗਤੀਸ਼ੀਲਤਾ ਮਨੁੱਖੀ ਸੱਚ ਵਾਂਗ ਹੀ ਅਜ਼ਾਦ ਹੋ ਕੇ ਇਕ ਵਿਸ਼ਾਲ ਘੇਰੇ ਤੱਕ ਫੈਲਣ ਅਤੇ ਫੈਲਾਉਣ ਦਾ ਆਧਾਰ

ਬਣਦੀ ਹੈ। ਧਰਤੀ ਅਤੇ ਆਕਾਸ਼ ਦੋ ਅਜਿਹੀਆਂ ਧਿਰਾਂ ਹਨ ਜਿਨ੍ਹਾਂ ਵਿਚੋਂ ਕਿਸੇ ਇੱਕ ਦੀ ਅਣਹੋਂਦ ਮਨੁੱਖੀ ਅਨੁਭਵ ਨੂੰ ਅਧੂਰਾ ਬਣਾ ਦਿੰਦੀ ਹੈ। ਜੇਕਰ ਧਰਤੀ ਵਿਸ਼ਾਲਤਾ ਅਤੇ ਗਤੀਸ਼ੀਲਤਾ ਦਾ ਪ੍ਰਤੀਕ ਹੈ ਤਾਂ ਆਕਾਸ਼ ਕਵੀ ਦੀ ਇਸੇ ਵਿਸ਼ਾਲ ਅਤੇ ਉੱਚੀ ਸੋਚ ਦਾ ਪ੍ਰਗਟਾਵਾ ਬਣਦਾ ਹੈ। ਬਿਨਾਂ ਸੋਚ ਤੋਂ ਜੀਵਨ ਬਤੀਤ ਕਰਨਾ ਕੇਵਲ ਇਕ ਵਿਅਰਥ ਭੱਜ-ਦੋੜ ਹੀ ਹੈ ਇਸੇ ਕਰਕੇ ਕਵੀ ਹਮੇਸ਼ਾ ਇੱਕ ਉਚੇਰੇ ਦ੍ਰਿਸ਼ਟੀਕੋਣ (ਆਕਾਸ਼) ਦੀ ਭਾਲ ਕਰਨ ਵਿੱਚ ਅਗਰਸਰ ਦਿਖਾਈ ਦਿੰਦਾ ਹੈ।

ਇਸ ਗੱਲ ਵਿੱਚ ਕੋਈ ਸੰਦੇਹ ਨਹੀਂ ਕਿ ਸ਼ਬਦ ਕਾਵਿ ਦੀ ਕੇਂਦਰੀ ਸ਼ਕਤੀ ਹੁੰਦੇ ਹਨ। ਇੱਥੇ ਰਮੇਸ਼ ਕੁਮਾਰ ਆਪਣੀ ਕਵਿਤਾ ਵਿੱਚ ਸ਼ਬਦ ਨੂੰ ਵਿਸ਼ੇਸ਼ ਸੰਦਰਭ ਦੇ ਕੇ ਵਰਤਦਾ ਹੈ। ਸ਼ਬਦ ਦੀ ਮਹੱਤਤਾ ਵਿੱਚ ਹੀ ਕਾਵਿ ਦੀ ਸੁੰਦਰਤਾ ਸਮਾਈ ਹੁੰਦੀ ਹੈ। ਸ਼ਬਦ ਹੀ ਇਕ ਅਜਿਹਾ ਪਹਿਲੂ ਹੈ ਜੋ ਅਰਥ ਨੂੰ ਸਾਕਾਰ ਕਰਦਾ ਹੈ। ਰਮੇਸ਼ ਕੁਮਾਰ ਨੇ ਆਹਟ ਕਵਿਤਾ ਵਿੱਚ ਇਸ ਗੱਲ ਦੀ ਪੁਸ਼ਟੀ ਕੀਤੀ ਹੈ ਕਿ ਇੱਕ ਸ਼ਬਦ ਹੀ ਅਰਥਾਂ ਨੂੰ ਮਹਿਸੂਸ ਕਰਨ ਦੀ ਤਾਕਤ ਰਖੱਦਾ ਹੈ। ਇਨ੍ਹਾਂ ਕਾਵਿ ਸਤਰਾਂ ਰਾਹੀਂ ਰਮੇਸ਼ ਕੁਮਾਰ ਦੀ ਕਵਿਤਾ ਅਦੰਰ ਸ਼ਬਦ ਦੀ ਮਹੱਤਤਾ ਦੀ ਮਿਸਾਲ ਵੇਖੀ ਜਾ ਸਕਦੀ ਹੈ:-

ਸਬਦ ਹਾਂ
ਅਰਥਾਂ ਦੀ ਆਹਟ
ਮੈਂ
ਜਾਣ ਲੈਂਦਾ ਹਾਂ
ਅਰਥ ਹਾਂ
ਨੁਹਾਰ ਸ਼ਬਦਾਂ ਦੀ
ਮੈਂ
ਪਹਿਚਾਣ ਲੈਂਦਾ ਹਾਂ।4

ਕਵੀ ਅਨੁਸਾਰ ਸ਼ਬਦ ਹੀ ਉਹ ਭਾਵ ਸਿਰਜਦਾ ਹੈ ਜਿਸ ਦੀ ਆਹਟ ਨਾਲ ਇਕ-ਇਕ ਅਰਥ ਮਕਬੂਲ ਹੋਣ ਦੇ ਸਮਰਥ ਬਣਦਾ ਹੈ। ਇਸ ਤਰ੍ਹਾਂ ਰਮੇਸ਼ ਕੁਮਾਰ ਦਾ ਕਾਵਿ ਸ਼ਬਦ ਅਤੇ ਅਰਥ ਦਾ ਸੁਮੇਲ ਹੋ ਨਿਬੜਦਾ ਹੈ ਕਿਉਂਕਿ ਉਹ ਸ਼ਬਦਾਂ ਦੀ ਆਹਟ ਮਹਿਸੂਸਦਾ ਹੈ, ਸਬਦਾਂ ਤੋਂ ਜਾਣ ਲੈਂਦਾ ਹੈ ਕਿ ਅਰਥ ਹੀ ਸ਼ਬਦਾਂ ਦੀ ਨੁਹਾਰ ਹੁੰਦੇ ਹਨ, ਅਤੇ ਉਹ ਇਸਦੀ ਪਛਾਣ ਕਰਕੇ ਆਪਣੀ ਕਾਵਿ ਸੰਵੇਦਨਾ ਦੀ ਨੁਹਾਰ ਪੇਸ਼ ਕਰਦਾ ਹੈ। ਅਜੋਕੇ ਮਨੁੱਖ ਦੀ ਵਿਕਾਸ ਯਾਤਰਾ ਨੂੰ ਪਰਮਾਣਿਕਤਾ ਤੋਂ ਅਪ੍ਰਮਾਣਿਕਤਾ ਵੱਲ, ਵੱਡੇ ਆਕਾਰ ਤੋਂ ਨਿੱਕੀ ਹੋਂਦ ਵੱਲ, ਇਨਸਾਨੀਅਤ ਤੋਂ ਗੈਰ ਇਨਸਾਨੀਅਤ ਵੱਲ ਅਤੇ ਵੱਡੇਪਨ ਤੋਂ ਛੋਟੇਪਨ ਦੇ ਰੂਪ ਵਲ ਪਛਾਣਿਆ ਜਾ ਸਕਦਾ ਹੈ। ਉਸਦੀ ਕਵਿਤਾ ਦਾ ਇੱਕ ਦਿਲਚਸਪ ਨੁਕਤਾ ਇਹ ਹੈ ਕਿ ਜਦੋਂ ਉਹ ਮਨੁੱਖ ਦੀ ਗੈਰ ਇਨਸਾਨੀ ਫਿਤਰਤ ਅਤੇ ਖੋਖਲੀ ਮਾਨਸਿਕਤਾ ਦੀ ਕਰੂਪਤਾ ਨੂੰ ਉਭਾਰਦਾ ਹੈ ਤਾਂ ਵੀ ਇਹ ਕਾਵਿ-ਸੁਹਜ ਨਾਲ ਭਰਪੂਰ ਬਣਿਆ ਰਹਿੰਦਾ ਹੈ। ਕਵੀ ਇਸ ਮਾਨਵੀ ਪਤਨ ਦੇ ਸੰਸਾਰ ਨੂੰ ਇਸ ਤਰ੍ਹਾਂ ਪੇਸ਼ ਕਰਦਾ ਹੈ-

ਬੰਦਾ
ਜਦ
ਬੰਦੇ ਤੋਂ ਬਾਬਾ ਹੋ ਜਾਂਦਾ ਹੈ
ਬੰਦੇ ਚੋਂ
ਬਸ
ਬੰਦਾ ਮਨਫੀ ਹੋ ਜਾਂਦਾ ਹੈ।5

ਕਵੀ ਜਿੱਥੇ ਸਮਾਜਿਕ ਯਥਾਰਥ ਨੂੰ ਪੇਸ਼ ਕਰਦਾ ਹੈ ਉੱਥੇ ਹੀ ਮਨੁੱਖ ਨੂੰ ਸੰਘਰਸ਼ਮਈ ਜੀਵਨ ਜਿਉਣ ਲਈ ਪ੍ਰੇਰਿਤ ਵੀ ਕਰਦਾ ਹੈ। ਉਸਦੀ ਕਵਿਤਾ ਮਨੁੱਖੀ ਸੰਕਟ ਦੇ ਯਥਾਰਥ ਨੂੰ ਮਨੁੱਖ ਦੇ ਮਾਨਸਿਕ ਪੱਧਰ 'ਤੇ ਜਾਂ ਕੇ ਪੇਸ਼ ਕਰਦੀ ਹੈ। ਉਹ ਆਪਣੀ ਕਵਿਤਾ ਵਿੱਚ ਸਮਕਾਲੀ ਮਨੁੱਖ ਦੀ ਅੰਦਰੂਨੀ ਭਟਕਣ ਨੂੰ ਪੇਸ਼ ਕਰਦਾ ਹੈ। ਉਸਦੀ ਸਮੁੱਚੀ ਕਾਵਿ ਯਾਤਰਾ ਇੱਕ ਸਥਾਨ ਤੋਂ ਦੂਜੇ ਸਥਾਨ ਤੱਕ ਇਸ ਅੰਦਰੂਨੀ ਭਟਕਣ ਦੇ ਸ਼ਿਕਾਰ ਮਨੁੱਖ ਦੇ ਮਨੋਵਿਗਿਆਨ ਨੂੰ ਆਧਾਰ ਬਣਾਉਂਦੀ ਹੈ। ਕਿਉਂਕਿ ਸਮਕਾਲੀ ਸਮੇਂ ਦਾ ਮਨੁੱਖ ਆਪਣੀ ਭਟਕਣ ਕਾਰਨ ਅਤ੍ਰਿਪਤੀ ਮਹਿਸੂਸ ਕਰਦਾ ਹੈ। ਉਹ ਅੰਦਰੋਂ ਸਰਾਪਿਆ ਹੋਇਆ ਅਤੇ ਬਾਹਰੋਂ ਆਪਣੀ ਪਛਾਣ ਗਵਾ ਚੁੱਕਾ ਪ੍ਰਤੀਤ ਹੁੰਦਾ ਹੈ। ਅਜ਼ਨਬੀ ਮੁਲਕਾਂ ਵਿੱਚ ਭੌਤਿਕ ਜਰੂਰਤਾਂ ਅਤੇ ਢਿੱਡ ਦੀ ਭੁੱਖ ਤਾਂ ਮਿਟ ਗਈ ਹੈ ਪਰ ਮਨ ਅਤੇ ਆਤਮਾ ਦੀ ਅਤ੍ਰਿਪਤੀ ਬਰਕਰਾਰ ਹੈ। ਇਹ ਸਥਿਤੀ ਬੜੀ ਤ੍ਰਾਸਦਮਈ ਹੈ। ਹਰੇ ਪਤਿੱਆਂ ਦੇ ਨਾਮ ਵਿੱਚ ਇਸ ਮੁੱਦੇ ਨੂੰ ਉਭਾਰਿਆ ਗਿਆ ਹੈ ਜਿੱਥੇ ਉਹ ਟੋਰਾਂਟੋ ਦੀ ਵਿਦੇਸ਼ੀ ਧਰਤੀ ਤੋਂ ਆਪਣੇ ਦੋਸਤਾਂ ਨੂੰ ਇਹ ਸੰਦੇਸ਼

ਦਿੰਦੇ ਹਨ ਕਿ ਪ੍ਰਦੇਸ਼ ਵਿੱਚ ਵਸਣ ਦੇ ਬਾਵਜੂਦ ਉਨ੍ਹਾਂ ਨੂੰ ਆਪਣੀ ਮਾਤ-ਭੂਮੀ ਪ੍ਰਤੀ ਆਪਣੀ ਨਜ਼ਰ ਬਣਾਈ ਰੱਖਣੀ ਚਾਹੀਦੀ ਹੈ। ਉਹ ਉਨ੍ਹਾਂ ਨੂੰ ਆਪਣੇ ਮੂਲ ਸੱਭਿਆਚਾਰ ਤੋਂ ਬਿਲਕੁਲ ਵੀ ਵੱਖ ਨਾ ਹੋਣ ਦੀ ਤਾਕੀਦ ਕਰਦਾ ਹੈ ਇਸ ਸਥਿਤੀ ਦੀ ਇੱਕ ਮਿਸਾਲ :-

ਖੁਸ਼ ਹਾਂ
ਕਿ ਤੁਸੀਂ
ਗਰੀਨ ਕਾਰਡਾਂ 'ਤੇ ਪੱਤਿਆਂ ਵਾਲੇ
ਝੂਲ ਝੂਲ ਕਰਦੇ ਰੁੱਖ ਹੋ ਜਾਂਦੇ ਹੋ
ਉੱਚੇ ਲੰਮੇ
ਛੱਤਾਂ - ਛੱਤਰੀਆਂ ਵਾਲੇ
ਇਸ ਵਿਦੇਸ਼ੀ ਧਰਤ 'ਤੇ
ਪਰ
ਤੁਸੀਂ
ਮੇਰੇ ਦੋਸਤੋਂ
ਸ਼ੀਸ਼ ਆਪਣਾ ਨਿਵਾ ਕੇ
ਜੜ੍ਹਾਂ ਆਪਣੀਆਂ ਨੂੰ ਦੇਖਦੇ ਰਹਿਣਾ
ਕਿਤੇ
ਮਿੱਟੀ ਹੀ ਪੈਰਾਂ ਦੀ ਖੋਰ ਨਾ ਬੈਠੋ।6

ਇੱਥੇ ਭਾਵੇਂ ਵਿਦੇਸ਼ੀ ਧਰਤੀ ਨੂੰ ਸਵੀਕਾਰ ਕਰਨ ਦੀ ਗੱਲ ਕੀਤੀ ਗਈ ਹੈ, ਪਰ ਨਾਲ ਹੀ ਸ਼ੀਸ਼ ਨਿਵਾਉਣ ਦੀ ਗੱਲ ਕਰਕੇ ਆਪਣੀਆਂ ਜੜਾ ਪ੍ਰਤੀ ਨਿਮਰਤਾ ਅਤੇ ਜੁੜੇ ਰਹਿਣ ਦੀ ਲੋੜ ਤੇ ਜੋਰ ਦਿੱਤਾ ਗਿਆ ਹੈ ਤਾਂ ਕਿ ਵਿਦੇਸ਼ ਵਿੱਚ ਵਸਣ ਵਾਲੇ ਵੀ ਆਪਣੀਆ ਮੂਲ ਸੱਭਿਆਚਾਰਕ ਜੜ੍ਹਾਂ ਤੋਂ ਵੱਖ ਨਾ ਹੋਵਣ। ਇਸ ਤਰ੍ਹਾਂ ਇੱਥੇ ਪਰਵਾਸ ਨੂੰ ਨਕਾਰਿਆ ਨਹੀਂ ਗਿਆ ਸਗੋਂ ਆਪਸੀ ਸਾਂਝ ਅਤੇ ਆਪਣੀ ਭੋਇ ਨਾਲ ਵੀ ਬਰਾਬਰ ਜੁੜੇ ਰਹਿਣ ਦੀ ਤਾਕੀਦ ਕੀਤੀ ਗਈ ਹੈ।

ਮੋਮਬੱਤੀ ਜਿਵੇਂ ਆਪਣੇ ਆਪ ਨੂੰ ਜਲਾ ਕੇ ਹੋਰਾਂ ਨੂੰ ਰੋਸ਼ਨੀ ਦਿੰਦੀ ਹੈ, ਤਿਵੇਂ ਮਨੁੱਖ ਜਦ ਤਿਆਗ ਕਰਦਾ ਹੈ ਤਾਂ ਉਸਦੇ ਜੀਵਨ ਦਾ ਅਸਲੀ ਉਦੇਸ਼ ਪੂਰਾ ਹੁੰਦਾ ਹੈ। ਆਧੁਨਿਕ ਮਨੁੱਖ ਨੂੰ ਇਹ ਸਵੀਕਾਰ ਕਰਨਾ ਪਵੇਗਾ ਕਿ ਜੇਕਰ ਉਸਨੇ ਆਪਣੇ ਜੀਵਨ ਨੂੰ ਕਿਸੇ ਉੱਚੇ ਆਦਰਸ਼ ਦੀ ਪ੍ਰਾਪਤੀ ਲਈ ਲਾਉਣਾ ਹੈ ਤਾਂ ਉਸਨੂੰ ਖ਼ੁਦਮੁਖਤਾਰੀ ਦਾ ਤਿਆਗ ਕਰਨਾ ਹੀ ਪਵੇਗਾ।

ਮੋਮ ਤੋਂ
ਮੋਮਬੱਤੀ ਜੇ ਹੋਣਾ ਹੈ
ਤਾਂ
ਜਲਨਾ ਤਾਂ ਪਵੇਗਾ ਹੀ
ਜਲੋਗੇ ਜੇ
ਤਾਂ
ਪਿਘਲਨਾ ਤਾਂ ਪਵੇਗਾ ਹੀ।7

ਰਮੇਸ਼ ਕੁਮਾਰ ਨੇ ਮਨੁੱਖ ਦੇ ਆਤਮ-ਬਲੀਦਾਨ ਅਤੇ ਸਾਰਥਕ ਜੀਵਨ ਦੀ ਗੱਲ ਕਰਦਿਆਂ ਇਹ ਜਿਕਰ ਕੀਤਾ ਹੈ ਕਿ ਕਿਸੇ ਵੀ ਉੱਤਮ ਉਦੇਸ਼ ਦੀ ਪ੍ਰਾਪਤੀ ਲਈ ਸੰਘਰਸ਼ (ਜਲਣਾ) ਅਤੇ ਨਿੱਜੀ ਤਿਆਗ (ਪਿਘਲਨਾ) ਜਰੂਰੀ ਹੈ। ਇਸ ਤਰ੍ਹਾਂ ਇੱਥੇ ਹੋਂਦ ਦੇ ਵਿਕੇਂਦ੍ਰੀਕਰਨ ਅਤੇ ਕੁਰਬਾਨੀ ਰਾਹੀਂ ਮਾਨਵੀ ਜੀਵਨ ਨੂੰ ਪ੍ਰਮਾਣਿਤ ਕੀਤਾ ਗਿਆ ਹੈ। ਕਵੀ ਅਨੁਸਾਰ ਮਨੁੱਖੀ ਹੋਂਦ ਦੀ ਪ੍ਰਮਾਣਿਕਤਾ ਉਸ ਦੇ ਸਥਿਰ ਰਹਿਣ ਵਿੱਚ ਨਹੀਂ ਸਗੋਂ ਕਿਸੇ ਉਚੇਰੇ ਆਦਰਸ਼ ਲਈ ਖੁਰ ਜਾਣ ਵਿੱਚ ਨਿਹਤ ਹੈ। ਇਹ ਕਵਿਤਾ ਮਨੁੱਖੀ ਜੀਵਨ ਦੀ ਅਸਲ ਸਾਰਥਕਤਾ ਨੂੰ ਨਿੱਜੀ ਹਿੱਤਾਂ ਤੋਂ ਉੱਪਰ ਉੱਠ ਕੇ ਸਮਾਜਿਕ ਅਤੇ ਮਾਨਵੀ ਕੁਰਬਾਨੀ ਰਾਹੀਂ ਸਥਾਪਿਤ ਕਰਨ ਦਾ ਹੋਕਾ ਦਿੰਦੀ ਹੈ।

ਸਮੁੱਚੀ ਵਿਚਾਰ ਚਰਚਾ ਤੋਂ ਬਾਅਦ ਅਸੀਂ ਇਸ ਨਤੀਜੇ 'ਤੇ ਪਹੁੰਚਦੇ ਹਾਂ ਕਿ ਬੇਤੁੱਕ ਬੇਲਗਾਮ ਸਮਕਾਲੀ ਪੰਜਾਬੀ ਕਵਿਤਾ ਦੇ ਇੱਕ ਅਹਿਮ ਪੜਾਅ ਨੂੰ ਚਿੰਨ੍ਹਿਤ ਕਰਦਾ ਹੈ। ਜਿੱਥੇ ਸਮਾਜੀ ਢਾਂਚੇ ਦੀ ਵਿਧੀਬੱਧਤਾ ਅਤੇ ਵਿਅਕਤੀਗਤ ਵਿਵਹਾਰ ਨੂੰ ਕੇਂਦਰ ਵਿੱਚ ਰੱਖਿਆ ਗਿਆ ਹੈ। ਜਿੱਥੇ

ਸਮਾਜਿਕ ਸਿਸਟਮ ਤੇ ਵਰਤਾਰੇ ਦੀ ਨਿਸ਼ਾਨਦੇਹੀ ਕੀਤੀ ਗਈ ਹੈ, ਉੱਥੇ ਮਨੁੱਖੀ ਮਨ ਦੇ ਮਾਨਸਿਕ ਅਤੇ ਜਟਿਲ ਦਵੰਦ ਦੀ ਖ਼ੂਬਸੂਰਤ ਪੇਸ਼ਕਾਰੀ ਵੀ ਵੇਖਣ ਨੂੰ ਮਿਲਦੀ ਹੈ। ਇਸ ਤਰ੍ਹਾਂ ਇਹ ਰਚਨਾ ਸਿਰਫ਼ ਸਮਾਜਿਕ ਯਥਾਰਥ ਦਾ ਚਿਤਰਣ ਹੀ ਨਹੀਂ ਕਰਦੀ, ਸਗੋਂ ਉਸ ਯਥਾਰਥ ਦੇ ਦਾਰਸ਼ਨਿਕ ਅਤੇ ਮਨੋਵਿਗਿਆਨਿਕ ਪਸਾਰਾਂ ਨੂੰ ਵੀ ਉਜਾਗਰ ਕਰਦੀ ਹੈ। ਮੇਰੇ ਖਿਆਲ ਨਾਲ ਬੇਤੁੱਕ ਬੇਲਗ਼ਾਮ ਸਾਨੂੰ ਇਹ ਸਵਾਲ ਉਠਾਉਣ ਲਈ ਮਜ਼ਬੂਰ ਕਰਦਾ ਹੈ ਕਿ ਕੀ ਅਸੀਂ ਆਪਣੇ ਬਣਾਏ ਨਿਯਮਾਂ ਦੇ ਗੁਲਾਮ ਹਾਂ ਜਾਂ ਉਨ੍ਹਾਂ ਨੂੰ ਤੋੜਨ ਵਾਲੇ ਬਾਗੀ ? ਇਹ ਕਾਵਿ ਸਾਡੇ ਸਾਹਮਣੇ ਇੱਕ ਆਇਨਾ ਰਖਦਾ ਹੈ ਜਿੱਥੇ ਅਸੀਂ ਆਪਣੀ ਹੀ ਬੇਤੁੱਕੀ ਨੂੰ ਵੇਖਦੇ ਹਾਂ। ਰਮੇਸ਼ ਕੁਮਾਰ ਦੀ ਕਵਿਤਾ ਆਧੁਨਿਕ ਪੰਜਾਬੀ ਸਾਹਿਤ ਵਿੱਚ ਨਵੇਂ ਕਾਵਿ ਪ੍ਰਗਟਾਵੇ ਦੇ ਪੱਖੋਂ ਇੱਕ ਮੀਲ ਪੱਥਰ ਹੈ, ਜਿਸ ਦਾ ਹੋਰ ਡੂੰਘਾਈ ਨਾਲ ਅਧਿਐਨ ਕਰਨਾ ਸਮੇਂ ਦੀ ਮੰਗ ਹੈ।

**2.0 ਹਵਾਲੇ ਅਤੇ ਟਿੱਪਣੀਆਂ**

1. ਪ੍ਰੋ. ਅਮਰਜੀਤ ਸਿੰਘ ਕਾਂਗ, ਰਜਿੰਦਰ ਸਿੰਘ ਭੱਟੀ (ਸੰਪਾ.) ਰਮੇਸ਼ ਕੁਮਾਰ ਦੀ ਕਾਵਿ ਸੰਵੇਦਨਾ, ਚੇਤਨਾ ਪ੍ਰਕਾਸ਼ਨ ਲੁਧਿਆਣਾ-2006
2. ਰਮੇਸ਼ ਕੁਮਾਰ. ਬੇਤੁੱਕ ਬੇਲਗਾਮ. ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ, 2010
3. ਉਹੀ, ਪੰਨਾ 59
4. ਉਹੀ, ਪੰਨਾ 23,24
5. ਉਹੀ, ਪੰਨਾ 57
6. ਉਹੀ, ਪੰਨਾ 72
7. ਉਹੀ, ਪੰਨਾ 59